Roll No. ..................

Total No. of Questions : 12]



[Total No. of Printed Pages : 20

SS

2087

ਸਲਾਨਾ ਪਰੀਖਿਆ ਪ੍ਰਣਾਲੀ

# ACCOUNTANCY–II (Part–I) & ACCOUNTANCY–II (Part–II)

(Commerce Group Only)

(Punjabi, Hindi and English Versions)

(Evening Session)

Time allowed : 3 hours

Maximum marks : 50

## (Punjabi Version)

ਨੋਟ : *(i)* ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **142** ਜ਼ਰੂਰ ਦਰਜ ਕਰੋ ਜੀ ।

*(ii)* ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

*(iii)* ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

*(iv)* ਪ੍ਰਸ਼ਨ-ਪੱਤਰ ਵਿੱਚ ਤਿੰਨ ਭਾਗ ਹਨ ਅਰਥਾਤ **ਭਾਗ–ੳ, ਭਾਗ–ਅ** ਅਤੇ **ਭਾਗ–ੲ** । **ਭਾਗ–ੳ ਸਭੀ ਵਿਦਿਆਰਥਿਆਂ ਲਈ ਜ਼ਰੂਰੀ ਹੈ ਅਤੇ ਵਿਦਿਆਰਥੀ ਭਾਗ–ਅ ਅਤੇ ਭਾਗ–ੲ ਵਿੱਚੋਂ ਸਿਰਫ਼ ਇੱਕ ਭਾਗ ਨੂੰ ਚੁਣ ਸਕਦੇ ਹਨ ।**

*(v)* ਸੰਖਿਆਤਮਕ ਪ੍ਰਸ਼ਨਾਂ ਲਈ ਸ਼ਬਦਾਂ, ਲਾਈਨਾਂ ਜਾਂ ਪੰਨਿਆਂ ਦੀ ਕੋਈ ਸੀਮਾ ਨਹੀਂ ਹੈ ।

*(vi)* ਪ੍ਰੋਗਰਾਮਾਂ ਤੋਂ ਬਿਨਾਂ ਸਾਧਾਰਣ ਗਣਨਯੰਤਰ ਵਰਤਣ ਦੀ ਆਗਿਆ ਹੈ ।

ਭਾਗ–ੳ

*(vii)* ਪ੍ਰਸ਼ਨ ਨੰ. *1* ਵਿੱਚ ਹਰੇਕ *1* ਅੰਕ ਦੇ *3* ਉਪ-ਭਾਗ ਹਨ । ਵਸਤੂਨਿਸ਼ਠ ਪ੍ਰਸ਼ਨਾਂ ਵਿੱਚ ਇੱਕ ਸ਼ਬਦ ਤੋਂ ਇੱਕ ਵਾਕ ਦੇ ਉੱਤਰ ਵਾਲੇ ਪ੍ਰਸ਼ਨ/ਖ਼ਾਲੀ ਥਾਂ ਭਰੋ/ਸਹੀ ਜਾਂ ਗਲਤ/ ਬਹੁਪੱਖੀ ਪਸੰਦ ਦੇ ਪ੍ਰਸ਼ਨ ਹੋ ਸਕਦੇ ਹਨ ।

ਪ੍ਰਸ਼ਨ ਨੰ. *2* ਤੋਂ *5* ਹਰੇਕ ਦੇ *2* ਅੰਕ ਹੋਣਗੇ । ਸਿੱਧਾਂਤਕ ਪ੍ਰਸ਼ਨ ਦਾ ਉੱਤਰ *5-10* ਲਾਇਨਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. *6* ਵਿੱਚ ਚਾਰ ਉਪ-ਭਾਗ ਹਨ । ਚਾਰ ਵਿੱਚੋਂ ਕੋਈ ਤਿੰਨ ਪ੍ਰਸ਼ਨ ਕਰੋ । ਹਰੇਕ ਪ੍ਰਸ਼ਨ ਚਾਰ ਅੰਕਾਂ ਦਾ ਹੋਵੇਗਾ । ਸਿੱਧਾਂਤਕ ਪ੍ਰਸ਼ਨ ਦਾ ਉੱਤਰ *15-20* ਲਾਇਨਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. *7* ਅੰਦਰੂਨੀ ਚੋਣ ਵਾਲਾ ਪ੍ਰਸ਼ਨ ਹੋਵੇਗਾ । ਇਹ ਪ੍ਰਸ਼ਨ *6* ਅੰਕਾਂ ਦਾ ਹੋਵੇਗਾ ।

ਭਾਗ–ਅ ਅਤੇ ੲ

*(viii)* ਪ੍ਰਸ਼ਨ ਨੰ. *8* ਵਿੱਚ *1* ਅੰਕ ਦੇ *3* ਉਪ-ਭਾਗ ਹੋਣਗੇ । ਹਰੇਕ ਭਾਗ ਦਾ ਉੱਤਰ *1-15* ਸ਼ਬਦਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. *9* ਅਤੇ *10* ਹਰੇਕ *2* ਅੰਕਾਂ ਦਾ ਹੋਵੇਗਾ । ਸਿੱਧਾਂਤਕ ਪ੍ਰਸ਼ਨ ਦਾ ਉੱਤਰ *5-10* ਲਾਈਨਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. *11* ਵਿੱਚ *3* ਉਪ-ਭਾਗ ਹੋਣਗੇ । ਤਿੰਨ ਵਿੱਚੋਂ ਕੋਈ **ਦੋ** ਪ੍ਰਸ਼ਨ ਕਰੋ । ਹਰੇਕ ਪ੍ਰਸ਼ਨ ਚਾਰ ਅੰਕਾਂ ਦਾ ਹੋਵੇਗਾ । ਸਿੱਧਾਂਤਕ ਪ੍ਰਸ਼ਨ ਦਾ ਉੱਤਰ *15-20* ਲਾਈਨਾਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

ਪ੍ਰਸ਼ਨ ਨੰ. 12 ਵਿੱਚ ਅੰਦਰੂਨੀ ਛੋਟ ਹੈ । ਇਹ ਪ੍ਰਸ਼ਨ 6 ਅੰਕਾਂ ਦਾ ਹੋਵੇਗਾ । ਸਿਧਾਂਤਕ ਪ੍ਰਸ਼ਨ ਦਾ ਉੱਤਰ, ਉੱਤਰ-ਪੱਤਰੀ ਦੇ 3-4 ਪੰਨਿਆਂ ਵਿੱਚ ਦਿੱਤਾ ਜਾਣਾ ਚਾਹੀਦਾ ਹੈ ।

1. (i) ਜੀਵਨ ਮੈਂਬਰਸ਼ਿਪ ਫੀਸ ਕੀ ਹੈ ? 1

(ii) ਸਮਝੌਤੇ ਦੀ ਅਣਹੋਂਦ ਵਿੱਚ ਪੂੰਜੀ ਤੇ ਵਿਆਜ ................ ਦਿਤਾ ਜਾਂਦਾ ਹੈ । 1

(iii) ਪੁਨਰ-ਮੁਲਾਂਕਣ ਖਾਤੇ ਤੇ ਹੋਇਆ ਲਾਭ, ਪੁਰਾਣੇ ਸਾਂਝੇਦਾਰਾਂ ਵਿੱਚ ................ ਅਨੁਪਾਤ ਵਿੱਚ ਕਰੈਡਿਟ ਕੀਤਾ ਜਾਂਦਾ ਹੈ । 1

2. ਹੇਠ ਲਿਖੀ ਸੂਚਨਾ ਤੋਂ ਆਮਦਨ ਖਰਚ ਖਾਤੇ ਵਿੱਚ ਕੁਲ ਖਰਚ ਰਕਮ ਲਿਖੋ ।

ਸਟੇਸ਼ਨਰੀ ਦਾ ਸਟਾਕ 1-04-2008 = 800

ਸਟੇਸ਼ਨਰੀ ਲਈ ਲੈਣਦਾਰ 01-04-2008 = 400

ਸਟੇਸ਼ਨਰੀ ਦਾ ਸਟਾਕ 31-03-2009 = 150

ਸਾਲ ਦੌਰਾਨ ਸਟੇਸ਼ਨਰੀ ਲਈ ਦਿਤੀ ਰਕਮ = 2450

ਸਟੇਸ਼ਨਰੀ ਲਈ ਲੈਣਦਾਰ 31.3.2009 = 280 2

3. A ਨੇ ਵਪਾਰ ਵਿੱਚ ਹੇਠ ਲਿਖੇ ਅਨੁਸਾਰ ਆਹਰਣ ਕੀਤੇ । ਆਹਰਣ ਦੇ ਉਪਰ 5% ਸਲਾਨਾ ਦਰ ਨਾਲ ਵਿਆਜ ਕਢੋ

1 ਜੁਲਾਈ 2015 = 4000

1 ਸਤੰਬਰ 2015 = 6000

1 ਨਵੰਬਰ 2015 = 8000

1 ਜਨਵਰੀ 2016 = 5000

1 ਮਾਰਚ 2016 = 3000

ਜਦੋਂ ਕਿ ਕਿਤਾਬਾਂ 31 ਮਾਰਚ 2016 ਨੂੰ ਬੰਦ ਕੀਤੀਆਂ ਜਾਂਦੀ ਹਨ । 2

4. ਮੁਨਾਫਾ ਅਨੁਪਾਤ ਕੀ ਹੈ ? ਇਹ ਕਿਵੇਂ ਕਢੀ ਜਾਂਦੀ ਹੈ ? 2

5. ਸਾਂਝੇਦਾਰੀ ਦਾ ਸਮਾਪਨ ਅਤੇ ਸਾਂਝੇਦਾਰੀ ਫਰਮ ਦੇ ਸਮਾਪਨ ਵਿੱਚ ਕੀ ਅੰਤਰ ਹੈ ? 2

6. (ੳ) ਹੇਠ ਲਿਖੇ ਸਿਟੀਜ਼ਨ ਕਲਬ ਦੇ ਪ੍ਰਾਪਤੀ ਤੇ ਅਦਾਇਗੀ ਖਾਤੇ ਤੋਂ 31 ਦਿਸੰਬਰ 2013 ਦੇ ਅੰਤ ਉਪਰ ਆਮਦਨ ਤੇ ਖਰਚ ਖਾਤਾ ਤਿਆਰ ਕਰੋ ।

| ਪ੍ਰਾਪਤੀਆਂ | ਰਕਮ | ਭੁਗਤਾਨ | ਰਕਮ |
|---|---|---|---|
| ਰੋਕੜ : ਸ਼ੁਰੂ | 9,000 | ਤਨਖਾਹ | 99,000 |
| ਬੈਂਕ : ਸ਼ੁਰੂ | 2,52,000 | ਸਟੇਸ਼ਨਰੀ | 3,900 |
| ਚੰਦਾ | 3,04, 800 | ਰਿਪੇਅਰ ਖਰਚੇ | 14,040 |
| ਦਾਨ | 1,44,000 | ਫਰਨੀਚਰ ਖਰੀਦੇ | 2,46,000 |
| ਵਿਨਿਯੋਗ ਤੇ ਵਿਆਜ | 3,600 | ਬਿਲਿਅਰਡ ਟੇਬਲ | 1,16,100 |
| ਦਾਖਲਾ ਫੀਸ | 36,000 | ਫੁਟਕਲ ਖਰਚੇ | 13,200 |
| ਬੈਂਕ ਵਿਆਜ | 12,600 | ਵਿਨਿਯੋਗ ਖਰੀਦੇ | 1,23,960 |
| ਪੁਰਾਣੇ ਅਖਬਾਰ ਵੇਚੇ | 1,800 | ਬੀਮਾ ਕਿਸ਼ਤ | 5,400 |
| | | ਰੋਕੜ : ਅੰਤ | 8,400 |
| | | ਬੈਂਕ : ਅੰਤ | 1,33,800 |
| | 7,63,800 | | 7,63,800 |

(i) ਸਾਲ 2013 ਵਿੱਚ ਚੰਦੇ ਦਾ ਬਕਾਇਆ 27,500 ਰੁਪਏ ਅਤੇ ਸਾਲ 2014 ਲਈ ਪੇਸ਼ਗੀ ਚੰਦਾ 7,800 ਰੁਪਏ ਸੀ ।

(ii) ਬੀਮਾ ਪ੍ਰੀਮੀਅਮ 600 ਰੁਪਏ ਪੇਸ਼ਗੀ ਅਦਾ ਕੀਤਾ ਗਿਆ ।

(iii) ਫੁਟਕਲ ਖਰਚੇ ਦਾ ਬਕਾਇਆ 1800 ਰੁਪਏ ਹੈ ।

(iv) ਦਾਨ ਦਾ 50% ਰੈਵੀਨਿਓ ਬਣਾਇਆ ਜਾਵੇ ।

(v) ਦਾਖਲਾ ਫੀਸ ਪੂੰਜੀਗਤ ਆਮਦਨ ਵਜੋਂ ਗਿਣੀ ਜਾਵੇ । 4

(ਅ) ਸਾਂਝੇਦਾਰੀ ਫਰਮ ਦੇ ਸਮਾਪਨ ਤੇ ਹੇਠ ਲਿਖਿਆਂ ਦਾ ਲੇਖਾ ਕਿਵੇਂ ਕੀਤਾ ਜਾਂਦਾ ਹੈ

(i) ਸ਼ਾਖ (ii) ਸਾਂਝੀ ਜੀਵਨ ਬੀਮਾ ਪਾਲਿਸੀ

(iii) ਪ੍ਰਾਵੀਡੈਂਟ ਫੰਡ (iv) ਡਿਸਕਾਊਂਟ ਕੀਤੇ ਹੋਏ ਬਿਲ ਅਨਾਦਰ ਹੋਏ । 4

(ੲ) ਸਾਂਝੇਦਾਰੀ ਦਸਤਾਵੇਜ ਦੇ ਕਿਹੜੇ-ਕਿਹੜੇ ਤੱਤ ਹਨ ? 4

(ਸ) ਏ ਅਤੇ ਬੀ ਲਾਭ-ਹਾਨੀ 2 :1 ਅਨੁਪਾਤ ਵਿੱਚ ਵੰਡਦੇ ਹਨ । ਉਹਨਾ ਦਾ ਅੰਤਿਮ ਚਿੱਠਾ ਹੇਠਾਂ ਦਿਤਾ ਗਿਆ ਹੈ ।

ਅੰਤਿਮ ਚਿੱਠਾ 31-3-2007

| ਦੇਣਦਾਰੀਆਂ | ਰਕਮ | ਸੰਪਤੀਆਂ | ਰਕਮ |
|---|---|---|---|
| ਦੇਣਯੋਗ ਬਿਲ | 2,500 | ਰੋਕੜ | 100 |
| ਲੈਣਦਾਰ | 30,450 | ਬੈਂਕ | 500 |
| ਪੂੰਜੀ : | | ਦੇਣਦਾਰ | 4,850 |
| ਏ | 15,000 | ਸਟਾਕ | 10,000 |
| ਬੀ | 10,000 | ਪਲਾਂਟ | 2,500 |
| | | ਮਸ਼ੀਨਰੀ | 15,000 |
| | | ਬਿਲਡਿੰਗ | 25,000 |
| | 57,950 | | 57,950 |

(i) 1 ਅਪ੍ਰੈਲ 2007 ਨੂੰ ਉਹਨਾ ਨੇ ਇਹ ਫੈਸਲਾ ਕੀਤਾ ਕਿ ਸੀ ਨੂੰ ਹੇਠ ਲਿਖੀਆਂ ਸ਼ਰਤਾਂ ਤੇ ਫਰਮ ਵਿੱਚ ਦਾਖਲ ਕੀਤਾ ਜਾਵੇਗਾ ।

(ii) ਸੀ ਨੂੰ ਭਵਿੱਖ ਲਾਭ ਵਿੱਚੋਂ $\frac{1}{4}$ ਹਿੱਸਾ ਦਿਤਾ ਜਾਵੇਗਾ ਅਤੇ ਉਹ 7,500 ਰੁਪਏ ਪੂੰਜੀ ਵਜੋਂ ਅਤੇ 3,000 ਰੁਪਏ ਸ਼ਾਖ ਵਜੋਂ ਲੈ ਕੇ ਆਵੇਗਾ ।

(iii) ਸਟਾਕ, ਪਲਾਂਟ ਤੇ ਮਸ਼ੀਨਰੀ ਤੇ 10% ਘਿਸਾਈ ਲਗੇਗੀ ।

(iv) ਦੇਣਦਾਰਾਂ ਉਪਰ 5% ਸ਼ੱਕੀ ਕਰਜਿਆਂ ਲਈ ਰਿਜਰਵ ਹੋਵੇਗਾ ।

(v) ਬਿਲਡਿੰਗ ਦੀ ਕੀਮਤ 10% ਵਧਾਈ ਜਾਵੇਗੀ ।

(vi) ਪੁਰਾਣੇ ਸਾਂਝੇਦਾਰਾਂ ਨੇ ਸੀ ਤੋਂ ਪ੍ਰਾਪਤ ਕੀਤੀ ਗਈ ਸ਼ਾਖ ਦੀ ਰਕਮ ਵਿੱਚੋਂ ਅੱਧੀ ਕਢਵਾ ਲਈ । ਪੁਨਰ ਮੁਲਾਂਕਣ ਤੇ ਪੂੰਜੀ ਖਾਤੇ ਬਣਾਓ । 4

7. ਹਰਪ੍ਰੀਤ ਤੇ ਮਨਿੰਦਰ ਨੇ 1 ਅਪ੍ਰੈਲ 2006 ਨੂੰ ਵਪਾਰ ਸ਼ੁਰੂ ਕੀਤਾ। ਦੋਨਾ ਨੇ ਕ੍ਰਮਵਾਰ 1,00,000 ਰੁਪਏ ਅਤੇ 80,000 ਰੁਪਏ ਪੂੰਜੀ ਵਜੋਂ ਪਾਏ।

ਸਾਂਝੇਦਾਰੀ ਸਮਝੌਤੇ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ :

(i) ਪੂੰਜੀ ਅਤੇ ਆਹਰਣ ਤੇ ਵਿਆਜ ਕ੍ਰਮਵਾਰ 10% ਅਤੇ 8% ਕ੍ਰਮਵਾਰ ਹੋਵੇਗਾ।

(ii) ਹਰਪ੍ਰੀਤ ਤੇ ਮਨਿੰਦਰ ਨੂੰ ਕ੍ਰਮਵਾਰ 3,000 ਰੁਪਏ ਮਹੀਨਾ ਅਤੇ 4,000 ਰੁਪਏ ਮਹੀਨਾ ਤਨਖਾਹ ਦਿਤੀ ਜਾਵੇਗੀ।

(iii) ਲਾਭ-ਹਾਨੀ ਅਨੁਪਾਤ ਬਰਾਬਰ ਅਨੁਪਾਤ ਵਿੱਚ ਹੋਵੇਗਾ।

31 ਮਾਰਚ 2007 ਨੂੰ ਖਤਮ ਹੋਣ ਵਾਲੇ ਸਾਲ ਨੂੰ ਉਪਰੋਕਤ ਸਮਾਯੋਜਨਾ ਤੋਂ ਪਹਿਲਾ 1,50,150 ਰੁਪਏ ਲਾਭ ਦੀ ਰਾਸੀ ਸੀ। ਹਰਪ੍ਰੀਤ ਤੇ ਮਨਿੰਦਰ ਦੀ ਆਹਰਣ ਦੀ ਰਕਮ ਕ੍ਰਮਵਾਰ 20,000 ਰੁਪਏ ਤੇ 30,000 ਰੁਪਏ ਸੀ ਅਤੇ ਇਸ ਉਪਰ ਵਿਆਜ ਕ੍ਰਮਵਾਰ 1000 ਰੁਪਏ ਤੇ 1,500 ਰੁਪਏ ਸੀ।

ਲਾਭ-ਹਾਨੀ ਸਮਾਯੋਜਨ ਖਾਤਾ ਅਤੇ ਪੂੰਜੀ ਖਾਤੇ ਬਣਾਓ। 6

ਜਾਂ

ਐਕਸ, ਵਾਈ, ਜ਼ੈੱਡ ਫਰਮ ਦਾ ਅੰਤਿਮ ਚਿੱਠਾ 31.12.2006 ਨੂੰ ਹੇਠ ਲਿਖੇ ਅਨੁਸਾਰ ਹੈ ਅਤੇ ਉਹ ਲਾਭ-ਹਾਨੀ ਪੂੰਜੀ ਅਨੁਪਾਤ ਵਿੱਚ ਵੰਡਦੇ ਹਨ।

| ਦੇਣਦਾਰੀਆਂ | ਰਕਮ | ਸੰਪੱਤੀਆਂ | ਰਕਮ |
|---|---|---|---|
| ਲੈਣਦਾਰ | 14,000 | ਬੈਂਕ | 31,200 |
| ਪੂੰਜੀ : | | ਦੇਣਦਾਰ 10,000 | |
| ਐਕਸ | 50,000 | – ਰਿਜਰਵ 200 | 9,800 |
| ਵਾਈ | 40,000 | ਸਟਾਕ | 20,000 |
| ਜ਼ੈੱਡ | 30,000 | ਪਲਾਂਟ ਤੇ ਮਸ਼ੀਨਰੀ | 23,000 |
| | | ਜਮੀਨ ਤੇ ਬਿਲਡਿੰਗ | 50,000 |
| | 1,34,000 | | 1,34,000 |

ਵਾਈ ਰਿਟਾਇਰ ਹੋ ਗਿਆ ਅਤੇ ਵਾਈ ਨੂੰ ਫ਼ਰਮ ਦੁਆਰਾ ਅਦਾਇਗੀ ਜੋਗ ਰਕਮ ਦਾ ਨਿਸ਼ਚਾ ਕਰਨ ਤੋਂ ਪਹਿਲਾ ਹੇਠ ਲਿਖੇ ਅਨੁਸਾਰ ਸੰਪੱਤੀਆਂ ਤੇ ਦੇਣਦਾਰੀਆਂ ਦੇ ਸਮਾਯੋਜਨ ਲਈ ਸਹਿਮਤ ਹੋਏ।

(i) ਸਟਾਕ ਦੀ ਕੀਮਤ ਵਿੱਚ 10% ਦਾ ਵਾਧਾ ਹੋਇਆ।

(ii) ਦੇਣਦਾਰਾਂ ਤੇ ਰਿਜਰਵ ਵਧਾ ਕੇ 5% ਕਰ ਦਿਤਾ ਗਿਆ।

(iii) ਜਮੀਨ ਤੇ ਬਿਲਡਿੰਗ ਦੀ ਕੀਮਤ 10% ਵਧਾਈ ਗਈ।

(iv) ਬਕਾਇਆ ਕਾਨੂੰਨੀ ਖਰਚਿਆਂ ਲਈ 450 ਰੁਪਏ ਵਿਵਸਥਾ ਬਣਾਈ ਜਾਵੇ।

(v) ਫਰਮ ਦੀ ਸ਼ਾਖ਼ ਦਾ ਮੁੱਲ 18,000 ਰੁਪਏ ਨਿਰਧਾਰਿਤ ਹੋਇਆ ਅਤੇ ਵਾਈ ਦੇ ਹਿੱਸੇ ਦਾ ਸ਼ਾਖ਼ ਐਕਸ ਤੇ ਜ਼ੈੱਡ ਦੇ ਖਾਤਿਆਂ ਵਿੱਚ ਸਮਾਯੋਜਿਤ ਕੀਤਾ ਜਾਵੇ। (ਸ਼ਾਖ਼ ਖਾਤਾ ਨਹੀਂ ਬਣਾਇਆ ਗਿਆ)

(vi) ਐਕਸ ਤੇ ਜ਼ੈੱਡ ਨੇ ਭਵਿੱਖ ਵਿੱਚ ਲਾਭ 3 : 2 ਅਨੁਪਾਤ ਵਿੱਚ ਵੰਡਣ ਦਾ ਫੈਸਲਾ ਕੀਤਾ।

(vii) ਨਵੀ ਫਰਮ ਦੀ ਕੁਲ ਪੂੰਜੀ ਐਕਸ ਤੇ ਜ਼ੈੱਡ ਵਿਚਕਾਰ 1,00,000 ਰੁਪਏ ਨਿਰਧਾਰਿਤ ਹੋਈ। ਇਸ ਉਦੇਸ ਲਈ ਅਸਲੀ ਨਕਦ ਲਿਆ ਜਾਂ ਦਿਤਾ ਜਾਵੇਗਾ।

ਵਾਈ ਦੇ ਰਿਟਾਇਰਮੈਂਟ ਦੇ ਬਾਅਦ ਪੁਨਰ-ਮੁਲਾਂਕਣ ਖਾਤਾ, ਪੂੰਜੀ ਖਾਤੇ ਅਤੇ ਚਿੱਠਾ ਬਣਾਓ। 6

ਭਾਗ–ਅ

8. (ੳ) ਜਾਰੀ ਪੂੰਜੀ ਕੀ ਹੁੰਦੀ ਹੈ ? 1

(ਅ) ਅੰਸ ਧਾਰਕ ਫੰਡ ਅਤੇ ਲੰਬੇ ਸਮੇਂ ਦੇ ਕਰਜੇ ਵਿਚਕਾਰ ਸੰਤੁਸ਼ਟੀ ਅਨੁਪਾਤ ਹੁੰਦੀ ਹੈ।

(i) 1 : 1 (ii) 2 : 1 (iii) 3 : 1 (iv) 4 : 1 1

(ੲ) ਠੀਕ ਜਾਂ ਗਲਤ ਲਿਖੋ :
ਇੱਕ ਵਿੱਤੀ ਸੰਸਥਾ ਦੁਆਰਾ, ਵਿਨਿਯੋਗ ਦੀ ਵੇਚ ਨੂੰ ਵਿਨਿਯੋਗਿਕ ਗਤੀਵਿਧੀਆਂ ਤੋਂ ਰੋਕੜ ਪ੍ਰਵਾਹ ਦੀ ਉਦਾਹਰਣ ਮੰਨਿਆ ਜਾਂਦਾ ਹੈ । 1

9. ਪਰੀਵਰਤਨਸ਼ੀਲ ਰਿਣ ਪੱਤਰ ਤੇ ਅਪਰੀਵਰਤਨਸ਼ੀਲ ਰਿਣ ਪੱਤਰ ਕੀ ਹਨ ? 2

10. ਚਿਰਾਗ ਲਿਮਟਿਡ ਦੇ ਤਲਪਟ ਵਿਚ ਹੇਠ ਲਿਖੀਆਂ ਮਦਾਂ ਦਿਖਾਈਆਂ ਗਈਆਂ ਹਨ । ਕੰਪਨੀ ਨਿਯਮਾਂ ਅਨੁਸਾਰ ਅੰਤਿਮ ਚਿੱਠਾ ਬਣਾਓ ।

| ਵਿਵਰਣ | ਡੈਬਿਟ | ਕਰੈਡਿਟ |
|---|---|---|
| ਅੰਸ਼ ਪੂੰਜੀ<br>16,000 ਪੂਰਨ ਦਿਤੇ ਹੋਏ ਅੰਸ਼<br>10 ਰੁਪਏ ਪ੍ਰਤੀ ਅੰਸ਼ | — | 1,60,000 |
| ਜਾਨਵਰ ਸਟਾਕ | 1,20,000 | — |
| ਗਿਰਵੀ | — | 35,000 |
| ਦੇਣਦਾਰ | 40,000 | — |
| ਸ਼ੁਰੂਆਤ ਦੇ ਖਰਚੇ | 35,000 | — |
| | 1,95,000 | 1,95,000 |

2

11. (ੳ) ਅਨਾਮਿਕਾ ਲਿਮਟਿਡ ਨੇ 10 ਰੁਪਏ ਵਾਲੇ ਅੰਸ਼ਾਂ ਲਈ 60,000 ਅੰਸ਼ਾਂ ਲਈ ਪ੍ਰਾਰਥਨਾ ਪੱਤਰ ਮੰਗਵਾਏ ਅਤੇ ਹੇਠ ਲਿਖੇ ਅਨੁਸਾਰ ਰਾਸ਼ੀ ਦਿੱਤੀ ਜਾਣੀ ਸੀ

ਬੇਨਤੀ ਪੱਤਰ ਤੇ = 3 ਰੁਪਏ

ਅਲਾਟਮੈਂਟ ਤੇ = 4 ਰੁਪਏ

ਪਹਿਲੀ ਤੇ ਅੰਤਿਮ ਮੰਗ ਤੇ = 3 ਰੁਪਏ

ਸਾਰੇ ਅੰਸ਼ਾਂ ਲਈ ਬੇਨਤੀ ਪੱਤਰ ਪ੍ਰਾਪਤ ਹੋਏ ਅਤੇ ਅਲਾਟਮੈਂਟ ਕਰ ਦਿੱਤੀ ਗਈ । ਇੱਕ ਅੰਸ਼ਧਾਰੀ ਜਿਸ ਕੋਲ 2,000 ਅੰਸ਼ ਸਨ ਉਸਨੇ ਅਲਾਟਮੈਂਟ ਦੇ ਸਮੇਂ ਤੇ ਹੀ ਸਾਰੀ ਰਾਸ਼ੀ ਦੇ ਦਿੱਤੀ । ਦੂਜੇ ਅੰਸ਼ਧਾਰੀ ਨੇ 3,000 ਅੰਸ਼ਾਂ ਤੇ ਅਲਾਟਮੈਂਟ ਦੀ ਰਕਮ ਨਹੀਂ ਦਿੱਤੀ । ਪ੍ਰੰਤੂ ਉਸਨੇ ਇਹ ਰਾਸ਼ੀ ਪਹਿਲੀ ਤੇ ਅੰਤਿਮ ਕਾਲ ਦੇ ਨਾਲ ਦੇ ਦਿੱਤੀ । ਡਾਇਰੈਕਟਰਾਂ ਨੇ ਇਹ ਫੈਸਲਾ ਕੀਤਾ ਕਿ ਸਾਰਣੀ F ਦੇ ਅਨੁਸਾਰ ਬਕਾਇਆ ਮੰਗ ਰਾਸ਼ੀ ਅਤੇ ਐਡਵਾਂਸ ਮੰਗ ਰਾਸ਼ੀ ਤੇ ਵਿਆਜ ਲਿਆ ਤੇ ਦਿੱਤਾ ਜਾਵੇਗਾ । ਅਲਾਟਮੈਂਟ ਤੇ ਪਹਿਲੀ ਤੇ ਅੰਤਿਮ ਮੰਗ ਵਿਚਕਾਰ 3 ਮਹੀਨੇ ਦਾ ਅੰਤਰ ਹੈ ।

ਜਰਨਲ ਐਂਟਰੀਆਂ ਕਰੋ । 4

(ਅ) ਪੋਰਸ਼ੀਆ ਲਿਮਟਿਡ ਦਾ 31 ਦਿਸੰਬਰ 2006 ਨੂੰ ਖਤਮ ਹੋਣ ਵਾਲੇ ਸਾਲ ਦਾ ਲਾਭ-ਹਾਨੀ ਖਾਤਾ ਹੇਠਾਂ ਦਿੱਤਾ ਗਿਆ ਹੈ ।

ਵਪਾਰਿਕ ਤੇ ਲਾਭ-ਹਾਨੀ ਖਾਤਾ

| | | | |
|---|---|---|---|
| ਸ਼ੁਰੂ ਦਾ ਸਟਾਕ | 1,50,000 | ਵਿਕਰੀ | 6,40,000 |
| ਖਰੀਦ | 4,00,000 | ਅੰਤਿਮ ਸਟਾਕ | 1,50,000 |
| ਮਜ਼ਦੂਰੀ | 20,000 | | |
| ਕੁਲ ਲਾਭ | 2,20,000 | | |
| | 7,90,000 | | 7,90,000 |
| ਪ੍ਰਸ਼ਾਸਨਿਕ ਖਰਚੇ | 35,000 | ਕੁਲ ਲਾਭ | 2,20,000 |

| | | | |
|---|---|---|---|
| ਵੇਚ ਤੇ ਵਿਤਰਨ ਖਰਚੇ | 95,000 | ਵਿਨਿਯੋਗ ਤੇ ਵਿਆਜ | 15,000 |
| ਗੈਰ ਕ੍ਰਿਆਤਮਕ ਖਰਚੇ | 40,000 | ਵਿਨਿਯੋਗ ਵੇਚਨ ਤੇ ਲਾਭ | 12,000 |
| ਸ਼ੁੱਧ ਲਾਭ | 77,000 | | |
| | 2,47,000 | | 2,47,000 |

ਹੇਠ ਲਿਖੇ ਅਨੁਸਾਰ ਗਣਨਾ ਕਰੋ :

(i) ਕੁਲ ਲਾਭ-ਅਨੁਪਾਤ

(ii) ਸ਼ੁੱਧ ਲਾਭ-ਅਨੁਪਾਤ

(iii) ਕ੍ਰਿਆਤਮਕ ਅਨੁਪਾਤ

(iv) ਕ੍ਰਿਆਤਮਕ ਲਾਭ ਅਨੁਪਾਤ 4

(ੲ) ਨਕਦ ਪ੍ਰਵਾਹ ਵਿਵਰਨ ਕੀ ਹੈ ? ਇਸ ਦੇ ਕੀ ਲਾਭ ਹਨ ? 4

12. ਰਿਣ-ਪੱਤਰ ਕੀ ਹੈ ? ਰਿਣ-ਪੱਤਰ ਤੇ ਰਿਣ-ਪੱਤਰ ਸਟਾਕ ਵਿੱਚ ਕੀ ਅੰਤਰ ਹੈ ? 6

ਜਾਂ

ਅਨੀਤਾ ਲਿਮਟਿਡ ਦੇ ਹੇਠ ਲਿਖੇ ਚਿੱਠੇ ਤੋਂ ਰੋਕੜ ਪ੍ਰਵਾਹ ਵਿਵਰਨ ਤਿਆਰ ਕਰੋ :

| ਦੇਣਦਾਰੀਆਂ | 2008 | 2009 | ਸੰਪਤੀਆਂ | 2008 | 2009 |
|---|---|---|---|---|---|
| ਸਾਧਾਰਨ ਅੰਸ਼ ਪੂੰਜੀ | 3,00,000 | 4,00,000 | ਨਕਦੀ | 60,000 | 80,000 |
| ਵਾਪਸੀ ਪੂਰਵ-ਅਧਿਕਾਰ ਪੂੰਜੀ | 1,80,000 | 90,000 | ਬੈਂਕ | 30,000 | 65,000 |
| 10% ਰਿਣ ਪੱਤਰ | 1,00,000 | 2,30,000 | ਸਟਾਕ | 90,000 | 1,20,000 |
| ਲਾਭ-ਹਾਨੀ | 80,000 | 1,10,000 | ਦੇਣਦਾਰ | 1,20,000 | 2,70,000 |
| ਲੈਣਦਾਰ | 20,000 | 40,000 | ਪਲਾਂਟ ਤੇ ਮਸ਼ੀਨਰੀ | 3,00,000 | 2,70,000 |
| | | | ਸ਼ਾਖ | 80,000 | 65,000 |
| | 6,80,000 | 8,70,000 | | 6,80,000 | 8,70,000 |

ਸਮਾਯੋਜਨ

(i) ਮਸ਼ੀਨਰੀ ਜਿਸ ਦਾ ਪੁਸਤਕ ਮੁੱਲ 85,000 ਰੁਪਏ ਸੀ, ਉਸਨੂੰ 65,000 ਰੁਪਏ ਵਿੱਚ ਵੇਚਿਆ ।

(ii) ਸਾਲ ਦੇ ਦੌਰਾਨ 35,000 ਰੁਪਏ ਲਾਭਾਂਸ਼ ਦਿੱਤਾ ਗਿਆ ।

(iii) ਸਾਲ ਦੇ ਦੌਰਾਨ 25,000 ਰੁਪਏ ਘਿਸਾਵਟ ਲਗਾਈ ਗਈ ।

(iv) 31 ਮਾਰਚ 2009 ਨੂੰ ਨਵੇਂ ਅੰਸ਼ ਅਤੇ ਰਿਣ-ਪੱਤਰ ਜਾਰੀ ਕੀਤੇ ਗਏ । 6

## ਭਾਗ–ੲ

8. (i) DBMS ਦਾ ਪੂਰਾ ਨਾਂ ਕੀ ਹੈ ? 1

(ii) ਕੋਈ ਇੱਕ ਤੱਤ ਦਸੋ ਜੋ DBMS ਨੂੰ ਪ੍ਰਭਾਵਿਤ ਕਰਦਾ ਹੋਏ । 1

(iii) Ctrl + C ਸਪਰੈਡਸ਼ੀਟ ਵਿੱਚ ਕਦੋਂ ਵਰਤਿਆ ਜਾਂਦਾ ਹੈ ? 1

9. ਕੰਪਿਊਟਰੀਕ੍ਰਿਤ ਲੇਖਾ ਵਿੱਧੀ ਦਾ ਕੀ ਅਰਥ ਹੈ ? 2

10. DBMS ਵਿਚ ਕੁਐਰੀਜ਼ ਕੀ ਹੁੰਦੇ ਹਨ ? 2

11. (i) ਕੰਪਿਊਟਰੀਕ੍ਰਿਤ ਲੇਖਾ ਵਿਧੀ ਦੇ ਕੀ ਲਾਭ ਹਨ ? 4

(ii) MS Access ਵਿੱਚ ਹੇਠ ਲਿਖੇ ਖਾਨਿਆਂ ਨਾਲ਼ ਡਿਜ਼ਾਇਨ ਟੇਬਲ ਬਣਾਓ । 4

ਲੜੀ ਨੰ: ਨਾਂ ਪਿਤਾ ਦਾ ਨਾਂ ਕਲਾਸ ਜਨਮ ਮਿਤੀ ਦਾਖਲੇ ਦੀ ਮਿਤੀ

(iii) ਹੇਠ ਲਿਖੀਆਂ ਐਂਟਰੀਆਂ ਨੂੰ ਛੋਟੀ ਰੋਕੜ ਰਜਿਸਟਰ ਵਿੱਚ DBMS ਦੇ ਅੰਤਰਗਤ ਲਿਖੋ :

| | | | | |
|---|---|---|---|---|
| 2015 ਜਨਵਰੀ | 1 | ਮੁੱਖ ਰੋਕੜੀਏ ਤੋ ਪ੍ਰਾਪਤ ਰਕਮ | = | 2,000 |
| | 2 | ਰਿਕਸ਼ਾ ਕਿਰਾਇਆ ਦਿੱਤਾ | = | 100 |
| | 3 | ਡਾਕ ਟਿਕਟ ਦੇ ਖਰਚੇ | = | 150 |
| | 4 | ਟੈਕਸੀ ਦਾ ਕਿਰਾਇਆ | = | 200 |
| | 5 | ਰਿਫਰੈਸ਼ਮੈਂਟ ਦਾ ਖਰਚੇ | = | 350 |
| | 6 | ਸਟੇਸ਼ਨਰੀ ਖਰੀਦੀ | = | 180 |
| | 7 | ਕੁਲੀ ਦੇ ਖਰਚੇ | = | 140 |

4

12. DBMS ਕੀ ਹੈ ? ਇਸ ਦੇ ਕੀ ਉਦੇਸ਼ ਹਨ ? 6

ਜਾਂ

| Debit | Amount | Credit | Amount |
|---|---|---|---|
| Plant & Machinery | 48,000 | Sales | 1,60,000 |
| Freehold Premises | 24,000 | Sundry Creditors | 20,000 |
| Wages | 9,000 | Bills Payable | 32,000 |
| Purchases | 1,40,000 | Bank Overdraft | 10,000 |
| Cash in Hand | 8,000 | Loan on Mortgage | 14,000 |
| Salary | 1,600 | Capital | 72,800 |
| Carriage | 1,400 | | |
| Rent | 1,000 | | |
| Insurance | 2,400 | | |
| Drawings | 3,600 | | |
| Sundry Debtor | 36,000 | | |
| Motive Power | 3,000 | | |
| Int. on Loan | 4,000 | | |
| Carriage Outward | 2,800 | | |
| Bills Receivable | 24,000 | | |
| Total | 3,08,800 | | 3,08,800 |

ਉਪਰੋਕਤ ਦਿਤੇ ਗਏ ਤਲਪਟ ਤੋਂ ਕੰਪਿਊਟਰੀਕ੍ਰਿਤ ਲੇਖਾਕਾਰੀ ਪ੍ਰਣਾਲੀ ਦੀ ਵਰਤੋਂ ਕਰਕੇ 31 ਮਾਰਚ 2016 ਨੂੰ ਅੰਤਿਮ ਖਾਤੇ ਦਿਖਾਓ । ਅੰਤਿਮ ਸਟਾਕ 36,000 ਰੁਪਏ ਸੀ । 6